GOVERNMENT OF WESTERN AUSTRALIA

# Family and Domestic Violence Media Bilingual Glossary

## Punjabi / ਪੰਜਾਬੀ



# ਸ਼ਬਦਾਵਲੀ

| TERM | ਸ਼ਬਦ | ਪਰਿਭਾਸ਼ਾ |
|---|---|---|
| Coercive control | ਜ਼ਬਰਨ ਕੰਟਰੋਲ ਕਰਨਾ | ਜ਼ਬਰਨ ਕੰਟਰੋਲ ਕਰਨਾ ਉਹ ਹੁੰਦਾ ਹੈ, ਜਦੋਂ ਕੋਈ ਵਿਅਕਤੀ ਸੋਸ਼ਣ ਭਰੀਆਂ ਹਰਕਤਾਂ ਦੇ ਇੱਕ ਲਗਾਤਾਰ ਪੈਟਰਨ ਰਾਹੀਂ ਦੂਜੇ ਵਿਅਕਤੀ ਨੂੰ ਡਰਾਉਂਦਾ ਹੈ ਅਤੇ ਉਸ ਦੀ ਆਜ਼ਾਦੀ ਤੇ ਆਤਮ-ਨਿਰਭਰਤਾ ਖੋਹ ਲੈਂਦਾ ਹੈ। ਜੋ ਲੋਕ ਜ਼ਬਰਨ ਕੰਟਰੋਲ ਦੀ ਵਰਤੋਂ ਕਰਦੇ ਹਨ, ਉਹ ਤਾਕਤ ਅਤੇ ਕਾਬੂ ਹੇਠ ਰੱਖਣ ਲਈ ਕਈ ਵੱਖ-ਵੱਖ ਤਰੀਕਿਆਂ ਸੋਸ਼ਣ ਵਾਲੇ ਵਿਵਹਾਰਾਂ ਦੀ ਵਰਤੋਂ ਕਰਦੇ ਹਨ। |
| Child abuse | ਬਾਲ ਸ਼ੋਸ਼ਣ | ਬਾਲ ਸ਼ੋਸ਼ਣ ਵਿੱਚ ਉਹ ਕੋਈ ਵੀ ਕਿਰਿਆ ਜਾਂ ਕਿਰਿਆ ਨਾ ਕਰਨਾ ਸ਼ਾਮਲ ਹੈ, ਜਿਸ ਨਾਲ ਬੱਚੇ ਨੂੰ ਨੁਕਸਾਨ ਪਹੁੰਚਦਾ ਹੈ, ਜਾਂ ਨੁਕਸਾਨ ਪਹੁੰਚ ਸਕਦਾ ਹੈ। |
| Emotional abuse | ਭਾਵਨਾਤਮਕ ਸ਼ੋਸ਼ਣ | ਭਾਵਨਾਤਮਕ ਸ਼ੋਸ਼ਣ ਉਹ ਵਿਵਹਾਰ ਹੈ ਜਿਸਦਾ ਉਦੇਸ਼ ਭਾਵਨਾਤਮਕ ਜਾਂ ਮਾਨਸਿਕ ਨੁਕਸਾਨ ਪਹੁੰਚਾਉਣਾ ਹੁੰਦਾ ਹੈ।<br><br>ਇਸ ਵਿੱਚ ਇਹ ਕਰਨਾ ਸ਼ਾਮਲ ਹੋ ਸਕਦਾ ਹੈ:<br>• ਉਸ ਵਿਅਕਤੀ ਨੂੰ ਲੋਕਾਂ ਸਾਹਮਣੇ ਸ਼ਰਮਿੰਦਾ ਕਰਨਾ<br>• ਗਾਲਾਂ ਕੱਢਣਾ / ਮੰਦੇ ਨਾਮਾਂ ਨਾਲ ਬੁਲਾਉਣਾ<br>• ਉਨ੍ਹਾਂ ਨੂੰ ਅਣਡਿੱਠਾ ਕਰਨਾ ਜਾਂ ਇਹ ਦਿਖਾਵਾ ਕਰਨਾ ਕਿ ਉਹ ਉੱਥੇ ਮੌਜੂਦ ਹੀ ਨਹੀਂ ਹਨ<br>• ਅਜਿਹੀਆਂ ਗੱਲਾਂ ਜਾਂ ਕੰਮ ਕਰਨਾ, ਜੋ ਉਨ੍ਹਾਂ ਨੂੰ ਉਲਝਣ ਵਿੱਚ ਪਾ ਦੇਣ।<br>• ਉਹ ਜੋ ਕੁੱਝ ਵੀ ਕਹਿਣ, ਹਮੇਸ਼ਾ ਉਨ੍ਹਾਂ ਦੀ ਗੱਲ ਨੂੰ ਸਹੀ ਕਰਨਾ/ਟੋਕਣਾ। |
| Family and domestic violence | ਪਰਿਵਾਰਕ ਅਤੇ ਘਰੇਲੂ ਹਿੰਸਾ | ਪਰਿਵਾਰਕ ਅਤੇ ਘਰੇਲੂ ਹਿੰਸਾ (FDV) ਵਿਵਹਾਰਾਂ ਦਾ ਉਹ ਨਮੂਨਾ ਹੈ ਜਿਸਦਾ ਉਦੇਸ਼ ਕਿਸੇ ਨਿੱਜੀ (ਮੌਜੂਦਾ ਅਤੇ ਸਾਬਕਾ ਸਾਥੀਆਂ) ਜਾਂ ਪਰਿਵਾਰਕ ਰਿਸ਼ਤਿਆਂ ਵਿੱਚ ਜ਼ਬਰਦਸਤੀ, ਕੰਟਰੋਲ ਅਤੇ ਡਰ ਪੈਦਾ ਕਰਨਾ ਹੁੰਦਾ ਹੈ। FDV ਵਿੱਚ ਹਿੰਸਕ, ਸੋਸ਼ਣ ਅਤੇ ਕੰਟਰੋਲ ਕਰਨ ਵਾਲੇ ਕਈ ਵਿਵਹਾਰ ਸ਼ਾਮਲ ਹੁੰਦੇ ਹਨ, ਜਿਸ ਵਿੱਚ ਸਰੀਰਕ ਹਿੰਸਾ, ਜਿਨਸੀ ਹਿੰਸਾ, ਭਾਵਨਾਤਮਕ ਸ਼ੋਸ਼ਣ, ਪਾਲਣ-ਪੋਸ਼ਣ ਵਿੱਚ ਆਤਮ-ਵਿਸ਼ਵਾਸ ਨੂੰ ਕਮਜ਼ੋਰ ਕਰਨਾ ਜਾਂ ਪਾਲਣ-ਪੋਸ਼ਣ ਕਰਨ ਵਿੱਚ ਵਿਘਨ ਪਾਉਣਾ, ਮਾਂ ਨੂੰ ਕਾਬੂ ਹੇਠ ਕਰਨ ਲਈ ਬੱਚਿਆਂ ਦੀ ਵਰਤੋਂ ਕਰਨਾ ਜਾਂ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਣਾ, ਵਿੱਤੀ ਸ਼ੋਸ਼ਣ ਅਤੇ ਸਮਾਜਿਕ ਤੌਰ 'ਤੇ ਇਕੱਲੇ ਕਰਨਾ ਸ਼ਾਮਲ ਹਨ। |

# ਸ਼ਬਦਾਵਲੀ (ਅੱਗੇ ਜਾਰੀ ਹੈ)

| TERM | ਸ਼ਬਦ | ਪਰਿਭਾਸ਼ਾ |
|---|---|---|
| Family and domestic violence paid leave | ਪਰਿਵਾਰਕ ਅਤੇ ਘਰੇਲੂ ਹਿੰਸਾ ਲਈ ਤਨਖ਼ਾਹ ਸਮੇਤ ਛੁੱਟੀ | ਸਾਰੇ ਕਰਮਚਾਰੀਆਂ ਨੂੰ ਹਰ ਸਾਲ 10 ਦਿਨ ਦੀ ਤਨਖ਼ਾਹ ਸਮੇਤ ਪਰਿਵਾਰਕ ਅਤੇ ਘਰੇਲੂ ਹਿੰਸਾ ਛੁੱਟੀ ਮਿਲਣ ਦਾ ਹੱਕ ਹੈ। ਇਸ ਵਿੱਚ ਫੁੱਲ-ਟਾਈਮ, ਪਾਰਟ-ਟਾਈਮ ਅਤੇ ਕੈਜ਼ੁਅਲ ਕਰਮਚਾਰੀ ਸ਼ਾਮਲ ਹਨ। |
| Family Violence Restraining Order (FVRO) | ਪਰਿਵਾਰਕ ਹਿੰਸਾ ਰੋਕਥਾਮ ਆਦੇਸ਼ (FVRO) | ਪਰਿਵਾਰਕ ਹਿੰਸਾ ਰੋਕਥਾਮ ਆਦੇਸ਼ (FVRO) ਇੱਕ ਅਦਾਲਤੀ ਹੁਕਮ ਹੁੰਦਾ ਹੈ, ਜੋ ਘਰੇਲੂ ਹਿੰਸਾ ਦੀ ਸਥਿਤੀ ਵਿਚਲੇ ਕਿਸੇ ਵਿਅਕਤੀ ਅਤੇ ਉਸਦੇ ਪਰਿਵਾਰ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਕਰਦਾ ਹੈ। |
| Financial abuse | ਵਿੱਤੀ ਸ਼ੋਸ਼ਣ | ਵਿੱਤੀ ਸੋਸ਼ਣ ਉਹ ਵਿਵਹਾਰ ਹੈ, ਜੋ ਕਿਸੇ ਦੂਜੇ ਵਿਅਕਤੀ ਦੀ ਵਿੱਤੀ ਆਤਮ-ਨਿਰਭਰਤਾ ਨੂੰ ਪ੍ਰਭਾਵਿਤ ਕਰਦਾ ਹੈ। ਇਹ ਕਿਸੇ ਵਿਅਕਤੀ ਦੀ ਪੈਸੇ ਤੱਕ ਪਹੁੰਚ ਨੂੰ ਸੀਮਤ ਕਰਨਾ ਅਤੇ/ਜਾਂ ਉਹਨਾਂ ਤੋਂ ਉਹਨਾਂ ਦੇ ਖ਼ਰਚਿਆਂ ਦਾ ਹਿਸਾਬ ਮੰਗਣਾ ਹੋ ਸਕਦਾ ਹੈ। ਇਸ ਵਿੱਚ ਇਹ ਵੀ ਹੋ ਸਕਦਾ ਹੈ ਕਿ ਕੋਈ ਵਿਅਕਤੀ ਦੂਜੇ ਵਿਅਕਤੀ ਦੇ ਪੈਸਿਆਂ ਨੂੰ ਅਜਿਹੇ ਤਰੀਕਿਆਂ ਨਾਲ ਵਰਤੇ ਜਿਨ੍ਹਾਂ ਨਾਲ ਉਹ ਵਿਅਕਤੀ ਸਹਿਮਤ ਨਹੀਂ ਹੈ, ਜਾਂ ਜਿਨ੍ਹਾਂ ਲਈ ਉਸ ਨੇ ਰਜ਼ਾਮੰਦੀ ਨਹੀਂ ਦਿੱਤੀ ਹੈ। ਵਿੱਤੀ ਸੋਸ਼ਣ ਵਿੱਚ ਕਿਸੇ ਵਿਅਕਤੀ ਨੂੰ ਆਪਣੀ ਸੰਪਤੀ (ਜਿਵੇਂ ਕਿ ਉਹਨਾਂ ਦੀ ਕਾਰ, ਜਾਂ ਉਹਨਾਂ ਦੀ ਜਾਇਦਾਦ) ਵੇਚਣ ਲਈ ਦਬਾਅ ਪਾਉਣਾ ਵੀ ਸ਼ਾਮਲ ਹੋ ਸਕਦਾ ਹੈ, ਤਾਂ ਜੋ ਉਹਨਾਂ ਦੀ ਆਤਮ-ਨਿਰਭਰਤਾ ਖੋਹੀ ਜਾ ਸਕੇ। ਵਿੱਤੀ ਸੋਸ਼ਣ ਵਿੱਚ ਕਿਸੇ ਨੂੰ ਨੌਕਰੀ ਲੈਣ ਤੋਂ ਰੋਕਣਾ ਜਾਂ ਉਹਨਾਂ ਨੂੰ ਉਹ ਕਰਜ਼ੇ ਲੈਣ ਲਈ ਮਜਬੂਰ ਕਰਨਾ ਵੀ ਸ਼ਾਮਲ ਹੋ ਸਕਦਾ ਹੈ ਜੋ ਉਹ ਨਹੀਂ ਲੈਣਾ ਚਾਹੁੰਦੇ ਹਨ। |

# ਸ਼ਬਦਾਵਲੀ (ਅੱਗੇ ਜਾਰੀ ਹੈ)

| TERM | ਸ਼ਬਦ | ਪਰਿਭਾਸ਼ਾ |
|---|---|---|
| Gaslighting | ਗੈਸਲਾਈਟਿੰਗ (ਅਸਲੀਅਤ ਤੋਂ ਭਟਕਾਉਣਾ) | ਗੈਸਲਾਈਟਿੰਗ ਸਮੇਂ ਦੇ ਨਾਲ ਹੁੰਦੀ ਹੈ ਅਤੇ ਹਰ ਵਾਰ ਜਦੋਂ ਇਹ ਵਾਪਰਦੀ ਹੈ ਤਾਂ ਇਹ ਵੱਖਰੀ ਦਿਖਾਈ ਦੇ ਸਕਦੀ ਹੈ। ਗੈਸਲਾਈਟਿੰਗ ਪੀੜਤ ਵਿਅਕਤੀ ਨੂੰ ਆਪਣੇ ਹੀ ਵਿਚਾਰਾਂ, ਅਸਲੀਅਤ ਦੀ ਸਮਝ, ਜਾਂ ਯਾਦਾਂ ਦੇ ਸੱਚ ਹੋਣ 'ਤੇ ਸਵਾਲ ਖੜ੍ਹੇ ਕਰਨ ਲਗਾ ਦਿੰਦੀ ਹੈ। ਇਸ ਨਾਲ ਉਲਝਣ, ਆਤਮ-ਵਿਸ਼ਵਾਸ ਅਤੇ ਸਵੈ-ਸਮਮਾਨ ਵਿੱਚ ਕਮੀ, ਅਤੇ ਆਪਣੀ ਮਾਨਸਿਕ ਸਥਿਰਤਾ ਬਾਰੇ ਅਨਿਸ਼ਚਿਤਤਾ ਹੋ ਸਕਦੀ ਹੈ। ਗੈਸਲਾਈਟਿੰਗ ਦਾ ਇੱਕ ਆਮ ਨਤੀਜਾ ਪੀੜਤ ਦਾ ਅਪਰਾਧੀ 'ਤੇ ਨਿਰਭਰ ਬਣ ਜਾਣਾ ਹੈ।<br><br>ਗੈਸਲਾਈਟਿੰਗ ਇੱਕ ਅਜਿਹੀ ਰਣਨੀਤੀ ਹੈ ਜਿਸਦਾ ਉਦੇਸ਼ ਕਿਸੇ ਦੀ ਯਾਦਦਾਸ਼ਤ, ਅੰਦਰੂਨੀ ਅਹਿਸਾਸ ਅਤੇ ਸਵੈ-ਮਾਣ ਵਿੱਚ ਭਰੋਸਾ ਨੂੰ ਤੋੜਨਾ ਹੈ।<br><br>ਇਸ ਵਿੱਚ ਸੋਸ਼ਣ ਕਰਨ ਵਾਲਾ ਵਿਅਕਤੀ ਪੀੜਤ ਨੂੰ ਉਸਦੀ ਆਪਣੀ ਸੱਚਾਈ, ਅਨੁਭਵ ਅਤੇ ਸੂਝ-ਬੂਝ 'ਤੇ ਸ਼ੱਕ ਕਰਨ ਲਗਾ ਦਿੰਦਾ ਹੈ, ਇਸ ਗੱਲ 'ਤੇ ਜ਼ੋਰ ਦੇ ਕੇ ਕਿ ਉਹ ਹਮੇਸ਼ਾ ਸਹੀ ਹੈ ਅਤੇ ਹਾਲਾਤਾਂ ਦੀ ਆਪਣੀ ਕਹਾਣੀ ਪੀੜਤ 'ਤੇ ਥੋਪਦਾ ਹੈ, ਭਾਵੇਂ ਸਬੂਤ ਉਸ ਦੇ ਖਿਲਾਫ਼ ਹੀ ਕਿਉਂ ਨਾ ਹੋਣ। ਅਸਲ ਵਿੱਚ, ਗੈਸਲਾਈਟਿੰਗ ਝੂਠ ਅਤੇ ਸੱਚ ਦੀ ਹੇਰਾਫੇਰੀ 'ਤੇ ਆਧਾਰਿਤ ਹੁੰਦੀ ਹੈ। |
| Gender inequality | ਲਿੰਗ ਅਸਮਾਨਤਾ | ਲਿੰਗ ਅਸਮਾਨਤਾ ਉਹ ਹੁੰਦੀ ਹੈ ਜਦੋਂ ਇੱਕ ਲਿੰਗ ਜਾਂ ਲਿੰਗ ਪਛਾਣ ਦਾ ਲਗਾਤਾਰ ਦੂਜੇ ਨਾਲੋਂ ਵਧੇਰੇ ਪੱਖ ਲਿਆ ਜਾਂਦਾ ਹੈ ਜਾਂ ਤਰਜੀਹ ਦਿੱਤੀ ਜਾਂਦੀ ਹੈ। ਉਹਨਾਂ ਨੂੰ ਵਧੇਰੇ ਮੌਕੇ ਮਿਲ ਸਕਦੇ ਹਨ, ਜਾਂ ਉਹਨਾਂ ਕੋਲ ਵਧੇਰੇ ਕੰਟਰੋਲ, ਤਾਕਤ ਅਤੇ ਅਧਿਕਾਰ ਹੋ ਸਕਦੇ ਹਨ। |

# ਸ਼ਬਦਾਵਲੀ (ਅੱਗੇ ਜਾਰੀ ਹੈ)

| TERM | ਸ਼ਬਦ | ਪਰਿਭਾਸ਼ਾ |
|---|---|---|
| Honour-based violence | ਇੱਜ਼ਤ ਦੇ ਨਾਮ 'ਤੇ ਹਿੰਸਾ | ਇੱਜ਼ਤ ਦੇ ਨਾਮ 'ਤੇ ਹਿੰਸਾ ਵਿੱਚ ਕੋਈ ਪਹਿਲਾਂ ਤੋਂ ਸੋਚੀ-ਸਮਝੀ ਕਾਰਵਾਈ ਸ਼ਾਮਲ ਹੋ ਸਕਦੀ ਹੈ, ਜੋ ਸਮਾਜਿਕ "ਇੱਜ਼ਤ" ਨੂੰ ਨਿਯਮ ਜਾਂ ਰਿਵਾਜ ਦੇ ਆਧਾਰ 'ਤੇ "ਬਹਾਲ" ਕਰਨ ਲਈ ਕੀਤੀ ਜਾਂਦੀ ਹੈ। ਇਹ ਪਰਿਵਾਰਕ ਤਾਣੇ-ਬਾਣੇ ਦੇ ਸਮੂਹਿਕ ਢਾਂਚੇ ਦੇ ਅੰਦਰ ਬਣਿਆ ਅਤੇ ਬੰਨ੍ਹਿਆ ਹੋਇਆ ਹੈ; ਅਤੇ ਅਕਸਰ ਔਰਤਾਂ ਦੀਆਂ ਕਾਮੁਕ ਅਤੇ ਸਮਾਜਿਕ ਚੋਣਾਂ ਨੂੰ ਕੰਟਰੋਲ ਕਰਨ ਲਈ ਮਰਦਾਂ ਦੇ ਕਥਿਤ ਅਧਿਕਾਰ ਨਾਲ ਜੁੜਿਆ ਹੁੰਦਾ ਹੈ।<br><br>ਇੱਜ਼ਤ ਦੇ ਨਾਮ 'ਤੇ ਸੋਸ਼ਣ ਕਈ ਰੂਪਾਂ ਵਿੱਚ ਹੋ ਸਕਦਾ ਹੈ, ਜਿਸ ਵਿੱਚ ਬਾਲ ਵਿਆਹ, ਕੁਆਰੇਪਣ ਦੀ ਜਾਂਚ, ਜ਼ਬਰਦਸਤੀ ਗਰਭਪਾਤ, ਜ਼ਬਰਦਸਤੀ ਵਿਆਹ, ਔਰਤਾਂ ਜਨਨ ਅੰਗਾਂ ਦੀ ਕਟਾਈ (FGM), ਦੇ ਨਾਲ-ਨਾਲ ਸਰੀਰਕ, ਜਿਨਸੀ, ਆਰਥਿਕ ਸ਼ੋਸ਼ਣ ਅਤੇ ਜ਼ਬਰਨ ਕੰਟਰੋਲ ਸ਼ਾਮਲ ਹਨ।<br><br>ਇੱਜ਼ਤ ਦੇ ਨਾਮ 'ਤੇ ਸੋਸ਼ਣ ਕਰਨਾ ਇੱਕ ਅਪਰਾਧ ਜਾਂ ਘਟਨਾ ਹੈ, ਜੋ ਪਰਿਵਾਰ ਜਾਂ ਭਾਈਚਾਰੇ ਦੀ "ਇੱਜ਼ਤ" ਦੀ ਰੱਖਿਆ ਜਾਂ ਬਚਾਅ ਕਰਨ ਦੇ ਨਾਂ 'ਤੇ ਕੀਤਾ ਜਾਂਦਾ ਹੈ।<br><br>ਜੇਕਰ ਕਿਸੇ ਵਿਅਕਤੀ ਦਾ ਪਰਿਵਾਰ ਜਾਂ ਭਾਈਚਾਰਾ ਇਹ ਸੋਚਦਾ ਹੈ ਕਿ ਉਹਨਾਂ ਨੇ ਕਿਸੇ ਖ਼ਾਸ ਤਰੀਕੇ ਨਾਲ ਵਿਵਹਾਰ ਕਰਕੇ ਉਹਨਾਂ ਨੂੰ ਸ਼ਰਮਸਾਰ ਜਾਂ ਸ਼ਰਮਿੰਦਾ ਕੀਤਾ ਹੈ, ਤਾਂ ਉਹ ਉਹਨਾਂ ਨੂੰ ਆਪਣੇ "ਇੱਜ਼ਤ" ਦੇ ਜ਼ਾਬਤੇ ਨੂੰ ਤੋੜਨ ਲਈ ਸਜ਼ਾ ਦੇ ਸਕਦੇ ਹਨ। |
| Intimidation | ਡਰਾਉਣਾ-ਧਮਕਾਉਣਾ | ਕਿਸੇ ਨੂੰ ਡਰਾਉਣ ਲਈ ਸ਼ਬਦਾਂ, ਕਾਰਵਾਈਆਂ ਜਾਂ ਧਮਕੀਆਂ ਦੀ ਵਰਤੋਂ ਕਰਨਾ। |

# ਸ਼ਬਦਾਵਲੀ (ਅੱਗੇ ਜਾਰੀ ਹੈ)

| TERM | ਸ਼ਬਦ | ਪਰਿਭਾਸ਼ਾ |
| --- | --- | --- |
| Lived experience | ਆਪ-ਬੀਤਿਆਂ ਅਨੁਭਵ | ਇਹ ਦਰਸਾਉਂਦਾ ਹੈ:<br>• ਉਨ੍ਹਾਂ ਲੋਕਾਂ ਨੂੰ, ਜਿਨ੍ਹਾਂ ਨੇ ਪਰਿਵਾਰਕ ਅਤੇ ਘਰੇਲੂ ਹਿੰਸਾ ਦਾ ਅਨੁਭਵ ਕੀਤਾ ਹੈ<br>• ਉਨ੍ਹਾਂ ਲੋਕਾਂ ਨੂੰ, ਜਿਨ੍ਹਾਂ ਨੂੰ ਪਰਿਵਾਰਕ ਅਤੇ ਘਰੇਲੂ ਹਿੰਸਾ ਪਰ੍ਣਾਲੀ ਦੀ ਵਰਤੋਂ ਕਰਨ ਨਾਲ ਜੁੜਿਆ ਅਨੁਭਵ ਹੈ.<br>• ਉਨ੍ਹਾਂ ਪਰਿਵਾਰਾਂ, ਦੇਖਭਾਲ ਕਰਨ ਵਾਲਿਆਂ ਅਤੇ ਹੋਰ ਲੋਕਾਂ ਨੂੰ, ਜੋ ਪਰਿਵਾਰਕ ਅਤੇ ਘਰੇਲੂ ਹਿੰਸਾ ਤੋਂ ਪਰ੍ਭਾਵਿਤ ਹੋਏ ਹਨ। |
| Love bombing | ਲਵ ਬੌਂਮਿੰਗ | ਰਿਸ਼ਤੇ ਦੀ ਸ਼ੁਰੂਆਤ ਬੇਹੱਦ ਤਾਰੀਫ਼ ਕਰਕੇ, ਬਹੁਤ ਜ਼ਿਆਦਾ ਧਿਆਨ ਦੇ ਕੇ, ਵੱਡੇ ਵਾਅਦੇ ਕਰਕੇ ਜਾਂ ਪੀੜਤ ਨੂੰ ਬਹੁਤ ਜਲਦੀ ਇਹ ਦੱਸ ਕੇ ਕਰਨਾ ਕਿ ਉਹ ਉਨ੍ਹਾਂ ਨੂੰ ਪਿਆਰ ਕਰਦੇ ਹਨ। |
| Monitoring | ਨਿਗਰਾਨੀ | ਜਦੋਂ ਕੋਈ ਵਿਅਕਤੀ ਕਿਸੇ ਦੂਜੇ ਵਿਅਕਤੀ ਦੇ ਵਿਵਹਾਰ ਦੀ ਨਿਗਰਾਨੀ ਕਰਦਾ ਹੈ, ਉਹ ਕਿੱਥੇ ਹਨ, ਉਹ ਕਿਸ ਨਾਲ ਮਿਲਦੇ ਹਨ ਅਤੇ ਗੱਲ ਕਰ ਰਹੇ ਹਨ। |
| Perpetrator | ਅਪਰਾਧੀ/ਸੋਸ਼ਣ ਕਰਨ ਵਾਲਾ | ਉਹ ਵਿਅਕਤੀ ਜੋ ਗੈਰਕਾਨੂੰਨੀ, ਅਪਰਾਧਿਕ ਜਾਂ ਨੁਕਸਾਨਦੇਹ ਕੰਮ ਕਰਦਾ ਹੈ, ਜਿਸ ਵਿੱਚ ਘਰੇਲੂ, ਪਰਿਵਾਰਕ ਜਾਂ ਜਿਨਸੀ ਹਿੰਸਾ ਵੀ ਸ਼ਾਮਲ ਹੈ। |
| Physical violence | ਸਰੀਰਕ ਹਿੰਸਾ | ਸਰੀਰਕ ਹਿੰਸਾ ਉਹ ਕੋਈ ਵੀ ਹਿੰਸਕ ਵਿਵਹਾਰ ਜਾਂ ਹਿੰਸਾ ਦੀਆਂ ਧਮਕੀਆਂ ਹੁੰਦੀਆਂ ਹਨ। ਇਹ ਕਿਸੇ ਵਿਅਕਤੀ, ਉਸ ਦੇ ਬੱਚਿਆਂ, ਹੋਰ ਪਰਿਵਾਰ, ਦੋਸਤਾਂ, ਪਾਲਤੂ ਜਾਨਵਰਾਂ ਜਾਂ ਸੰਪਤੀ ਵੱਲ ਕੀਤੀ ਜਾ ਸਕਦੀ ਹੈ। |
| Respectful relationships | ਸਤਿਕਾਰਪੂਰਨ ਰਿਸ਼ਤੇ | ਸਤਿਕਾਰਪੂਰਨ ਰਿਸ਼ਤਾ ਆਪਸੀ ਭਰੋਸੇ, ਸੁਰੱਖਿਅਤ ਮਹਿਸੂਸ ਕਰਨ ਅਤੇ ਬਰਾਬਰੀ ਦੇ ਸਾਥੀ ਹੋਣ 'ਤੇ ਬਣਿਆ ਹੁੰਦਾ ਹੈ। |

# ਸ਼ਬਦਾਵਲੀ (ਅੱਗੇ ਜਾਰੀ ਹੈ)

| TERM | ਸ਼ਬਦ | ਪਰਿਭਾਸ਼ਾ |
|---|---|---|
| Sexual violence | ਜਿਨਸੀ ਹਿੰਸਾ | ਜਿਨਸੀ ਹਿੰਸਾ ਤਾਕਤ ਅਤੇ ਕੰਟਰੋਲ ਨਾਲ ਜੁੜੀ ਹੁੰਦੀ ਹੈ, ਅਤੇ ਇਹ ਕਿਸੇ ਨਾਲ ਵੀ ਹੋ ਸਕਦੀ ਹੈ। ਇਸ ਵਿੱਚ ਉਹ ਹਰ ਕਿਸਮ ਦਾ ਜਿਨਸੀ ਸੰਪਰਕ, ਗਤੀਵਿਧੀ, ਕਿਰਿਆ ਜਾਂ ਵਿਵਹਾਰ ਸ਼ਾਮਲ ਹੁੰਦਾ ਹੈ, ਜੋ ਕਿਸੇ ਵਿਅਕਤੀ ਦੀ ਮਰਜ਼ੀ ਦੇ ਖਿਲਾਫ਼ ਅਤੇ ਬਿਨਾਂ ਰਜ਼ਾਮੰਦੀ ਤੋਂ ਕੀਤਾ ਜਾਂਦਾ ਹੈ।<br><br>ਜੇਕਰ ਕਿਸੇ ਵਿਅਕਤੀ ਨਾਲ ਹਿੱਸਾ ਲੈਣ ਲਈ ਜ਼ਬਰਦਸਤੀ ਕੀਤੀ ਗਈ ਹੈ, ਮਜ਼ਬੂਰ ਕੀਤਾ ਗਿਆ ਹੈ ਜਾਂ ਦਬਾਅ ਪਾਇਆ ਗਿਆ ਹੈ, ਤਾਂ ਇਹ ਰਜ਼ਾਮੰਦੀ ਨਹੀਂ ਹੁੰਦੀ ਹੈ। |
| Social isolation (or social violence) | ਸਮਾਜਿਕ ਤੌਰ 'ਤੇ ਇਕੱਲਾ ਕਰਨਾ (ਜਾਂ ਸਮਾਜਿਕ ਹਿੰਸਾ) | ਸਮਾਜਿਕ ਤੌਰ 'ਤੇ ਇਕੱਲਾ ਕਰਨਾ (ਜਾਂ ਸਮਾਜਿਕ ਹਿੰਸਾ) ਕਿਸੇ ਨੂੰ ਦੋਸਤਾਂ, ਪਰਿਵਾਰ, ਕੰਮ ਅਤੇ/ਜਾਂ ਹੋਰ ਸਮਾਜਿਕ ਮੌਕਿਆਂ ਤੋਂ ਦੂਰ ਰੱਖਣਾ ਹੈ। |
| Spiritual abuse | ਅਧਿਆਤਮਿਕ ਸੋਸ਼ਣ | ਅਧਿਆਤਮਿਕ ਸੋਸ਼ਣ ਕਿਸੇ ਨੂੰ ਆਪਣੇ ਅਧਿਆਤਮਿਕ ਸੰਬੰਧਾਂ ਅਤੇ ਅਭਿਆਸਾਂ ਦੀ ਪਸੰਦ ਬਾਰੇ ਉਨ੍ਹਾਂ ਦੀ ਚੋਣ ਨੂੰ ਪ੍ਰਭਾਵਿਤ ਕਰਨਾ ਹੈ। ਇਹ ਕਿਸੇ ਨੂੰ ਪੂਜਾ ਸਥਾਨਾਂ ਤੋਂ ਦੂਰ ਰੱਖਣਾ, ਜਾਂ ਉਨ੍ਹਾਂ ਨੂੰ ਅਜਿਹੀਆਂ ਅਧਿਆਤਮਿਕ ਜਾਂ ਧਾਰਮਿਕ ਰੀਤਾਂ ਵਿੱਚ ਹਿੱਸਾ ਲੈਣ ਲਈ ਮਜ਼ਬੂਰ ਕਰਨਾ ਹੋ ਸਕਦਾ ਹੈ ਜਿਸ ਵਿੱਚ ਉਹ ਸ਼ਾਮਲ ਨਹੀਂ ਹੋਣਾ ਚਾਹੁੰਦੇ ਹਨ। |
| Technology-facilitated abuse | ਤਕਨਾਲੋਜੀ-ਰਾਹੀਂ ਸੋਸ਼ਣ | ਤਕਨਾਲੋਜੀ-ਰਾਹੀਂ ਸੋਸ਼ਣ ਵਿੱਚ ਟੈਕਸਟ ਮੈਸਜ, ਈਮੇਲ ਜਾਂ ਫ਼ੋਨ ਰਾਹੀਂ ਸੋਸ਼ਣ ਕਰਨਾ, ਨਿਗਰਾਨੀ ਕਰਨਾ, ਬੇਇੱਜ਼ਤ ਕਰਨਾ ਜਾਂ ਸਜ਼ਾ ਦੇਣਾ ਸ਼ਾਮਲ ਹੁੰਦਾ ਹੈ। ਇਹ ਉਦੋਂ ਵੀ ਹੁੰਦਾ ਹੈ ਜਦੋਂ ਕੋਈ ਸੋਸ਼ਣ ਕਰਨ ਵਾਲਾ ਕਿਸੇ ਦੀਆਂ ਹਰਕਤਾਂ ਅਤੇ ਸੁਨੇਹਿਆਂ ਜਾਂ ਈਮੇਲਾਂ ਨੂੰ ਟਰੈਕ ਕਰਨ ਜਾਂ ਨਿਗਰਾਨੀ ਕਰਨ ਲਈ ਤਕਨਾਲੋਜੀ ਦੀ ਵਰਤੋਂ ਕਰਦਾ ਹੈ। ਸੋਸ਼ਣ ਕਰਨ ਵਾਲੇ ਨਿੱਜੀ ਜਾਂ ਕਾਮੁਕ ਫ਼ੋਟੋਆਂ ਜਾਂ ਵੀਡੀਓ ਨੂੰ ਅੱਗੇ ਸਾਂਝਾ ਕਰਨ ਦੀ ਧਮਕੀ ਵੀ ਦੇ ਸਕਦੇ ਹਨ ਜਾਂ ਫੈਲਾ ਸਕਦੇ ਹਨ। |
| Tracking | ਟਰੈਕਿੰਗ | ਜਦੋਂ ਕੋਈ ਕਿਸੇ ਦੂਜੇ ਵਿਅਕਤੀ ਦੀਆਂ ਹਰਕਤਾਂ ਨੂੰ ਉਨ੍ਹਾਂ ਦੀ ਜਾਣਕਾਰੀ ਜਾਂ ਰਜ਼ਾਮੰਦੀ ਤੋਂ ਬਿਨਾਂ ਟਰੈਕ ਕਰਦਾ ਹੈ। |

# ਸ਼ਬਦਾਵਲੀ (ਅੱਗੇ ਜਾਰੀ ਹੈ)

| TERM | ਸ਼ਬਦ | ਪਰਿਭਾਸ਼ਾ |
|---|---|---|
| Victim-survivor | ਉਹ ਵਿਅਕਤੀ ਜੋ ਪਰਿਵਾਰਕ ਅਤੇ ਘਰੇਲੂ ਹਿੰਸਾ ਦਾ ਅਨੁਭਵ ਕਰਦਾ ਹੈ ਜਾਂ ਅਨੁਭਵ ਕਰਨਾ ਜਾਰੀ ਰੱਖਦਾ ਹੈ | ਉਹ ਲੋਕ ਜਿਨ੍ਹਾਂ ਨੇ ਪਰਿਵਾਰਕ, ਘਰੇਲੂ ਅਤੇ ਜਿਨਸੀ ਹਿੰਸਾ ਦਾ ਅਨੁਭਵ ਕੀਤਾ ਹੈ। ਇਹ ਸ਼ਬਦ ਉਨ੍ਹਾਂ ਲੋਕਾਂ ਦੁਆਰਾ ਦਿਖਾਈ ਗਈ ਤਾਕਤ ਅਤੇ ਲਚਕੀਲੇਪਣ ਨੂੰ ਸਵੀਕਾਰ ਕਰਨ ਲਈ ਸਮਝਿਆ ਜਾਂਦਾ ਹੈ ਜਿਨ੍ਹਾਂ ਨੇ ਹਿੰਸਾ ਦਾ ਅਨੁਭਵ ਕੀਤਾ ਹੈ ਜਾਂ ਵਰਤਮਾਨ ਵਿੱਚ ਹਿੰਸਾ ਨਾਲ ਜਿਬਨ ਬਤੀਤ ਕਰ ਰਹੇ ਹਨ। ਜਿਨ੍ਹਾਂ ਲੋਕਾਂ ਨੇ ਹਿੰਸਾ ਦਾ ਅਨੁਭਵ ਕੀਤਾ ਹੈ ਉਨ੍ਹਾਂ ਦੀਆਂ ਵੱਖੋ-ਵੱਖਰੀਆਂ ਤਰਜੀਹਾਂ ਹੁੰਦੀਆਂ ਹਨ ਕਿ ਉਹ ਕਿਵੇਂ ਪਛਾਣੇ ਜਾਣੇ ਚਾਹੁੰਦੇ ਹਨ ਅਤੇ ਆਪਣੇ ਆਪ ਨੂੰ ਵੱਖਰੇ ਤੌਰ 'ਤੇ "ਪੀੜਤ" ਜਾਂ "ਬਚਣ ਵਾਲੇ", ਜਾਂ ਕਿਸੇ ਹੋਰ ਸ਼ਬਦ ਦੀ ਵਰਤੋਂ ਕਰਨਾ ਚੁਣ ਸਕਦੇ ਹਨ। ਕੁੱਝ ਲੋਕ "ਹਿੰਸਾ ਦਾ ਅਨੁਭਵ ਕਰਨ ਵਾਲੇ ਲੋਕ" ਜਾਂ "ਹਿੰਸਾ ਦਾ ਅਨੁਭਵ ਕਰਨ ਦੇ ਜ਼ੋਖਮ ਵਿਚਲੇ ਲੋਕ" ਵਰਗੇ ਸ਼ਬਦਾਂ ਦੀ ਵਰਤੋਂ ਕਰਨਾ ਪਸੰਦ ਕਰਦੇ ਹਨ। |
| Visa abuse | ਵੀਜ਼ਾ ਸੰਬੰਧੀ ਸੋਸ਼ਣ | ਕਿਸੇ ਵਿਅਕਤੀ ਦੇ ਵੀਜ਼ਾ ਦਰਜੇ ਦੀ ਵਰਤੋਂ ਉਹਨਾਂ ਨੂੰ ਕੰਟਰੋਲ ਕਰਨ ਲਈ ਕਰਨਾ ਅਤੇ ਉਹਨਾਂ ਨੂੰ ਡਿਪੋਰਟ (ਦੇਸ਼ ਨਿਕਾਲਾ) ਦੇਣ ਦੀ ਧਮਕੀ ਦੇਣਾ। |

WA.gov.au/familydomesticviolence